ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030326
Available online at: www.armaan.org.in
DOI: https://doi.org/10.64119/armaan.vol.3.issue3.26

# ਸਮਕਾਲੀ ਪਰਵਾਸ: ਆਰਥਿਕਤਾ ਅਤੇ ਰੁਝਾਨ

## SAMKALI PARWAS: AARTHIKTA ATE RUJHAAN

**ਗੁਰਸਾਹਿਬ ਸਿੰਘ** (Gurshaib Singh)
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)
**ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਰਸਾ (ਹਰਿਆਣਾ)**

**ਸਤਨਾਮ ਸਿੰਘ** (Satnam Singh)
**ਖੋਜਾਰਥੀ, ਪੰਜਾਬੀ ਵਿਭਾਗ** (Research Scholar, Punjabi)
**ਦਿੱਲੀ ਯੂਨੀਵਰਸਿਟੀ, ਦਿੱਲੀ (ਭਾਰਤ)**

Email ID: goldy.sidhusirsa@gmail.com **ਮੋਬਾਈਲ**: +91-94164-14001

**ਸਾਰ (Abstract)**

*ਪੰਜਾਬ ਸਮੇਤ ਪੂਰੇ ਭਾਰਤ ਵਿੱਚੋਂ ਹੋ ਰਿਹਾ ਲਗਾਤਾਰ ਪ੍ਰਵਾਸ ਇੱਕ ਗੰਭੀਰ ਸਮਾਜਿਕ ਅਤੇ ਆਰਥਿਕ ਵਰਤਾਰਾ ਹੈ। ਇਸ ਪ੍ਰਵਾਸ ਦਾ ਮੁੱਖ ਕਾਰਨ ਆਰਥਿਕ ਅਸਥਿਰਤਾ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਿਆਂ ਦਾ ਵਧਦਾ ਪ੍ਰਭਾਵ ਅਤੇ ਖੇਤੀਬਾੜੀ ਖੇਤਰ ਵਿੱਚ ਆ ਰਹੀ ਗਿਰਾਵਟ ਹੈ। ਨੌਜਵਾਨ ਪੀੜ੍ਹੀ ਬਿਹਤਰ ਰੁਜ਼ਗਾਰ ਦੇ ਮੌਕਿਆਂ, ਉੱਚ ਜੀਵਨ ਪੱਧਰ ਅਤੇ ਆਰਥਿਕ ਸੁਧਾਰਾਂ ਦੀ ਤਲਾਸ਼ ਵਿੱਚ ਵਿਕਸਿਤ ਦੇਸ਼ਾਂ ਵੱਲ ਪ੍ਰੇਰਿਤ ਹੋ ਰਹੀ ਹੈ। ਪ੍ਰਵਾਸ ਦੇ ਇਤਿਹਾਸ ਨੂੰ ਵੇਖਦਿਆਂ, ਪਹਿਲੀਆਂ ਦੋ ਪੀੜ੍ਹੀਆਂ ਵਿੱਚ ਵਾਪਸੀ ਦੀ ਭਾਵਨਾ ਪ੍ਰਬਲ ਸੀ, ਪਰ ਅਜੋਕੀ ਤੀਜੀ ਪੀੜ੍ਹੀ ਵਿਦੇਸ਼ੀ ਸੱਭਿਆਚਾਰ ਵਿੱਚ ਪੂਰੀ ਤਰ੍ਹਾਂ ਸਮਾਹਿਤ ਹੋ ਕੇ ਉੱਥੇ ਹੀ ਆਪਣਾ ਸਥਾਈ ਭਵਿੱਖ ਵੇਖਦੀ ਹੈ। ਆਰਥਿਕ ਤੰਗੀਆਂ ਅਤੇ ਕਰਜ਼ਿਆਂ ਕਾਰਨ ਕਈ ਕਿਸਾਨ ਅਤੇ ਮਜ਼ਦੂਰ ਵੀ ਮਜਬੂਰੀ ਵੱਸ ਪ੍ਰਵਾਸ ਦਾ ਰਾਹ ਅਪਣਾ ਰਹੇ ਹਨ। ਪ੍ਰਵਾਸੀਆਂ ਨੇ ਵਿਦੇਸ਼ੀ ਧਰਤੀ 'ਤੇ ਸਖ਼ਤ ਮਿਹਨਤ ਕਰਕੇ ਖੇਤੀਬਾੜੀ ਮਜ਼ਦੂਰੀ ਤੋਂ ਲੈ ਕੇ ਵੱਡੀਆਂ ਕੰਪਨੀਆਂ ਦੇ ਮਾਲਕ ਬਣਨ ਤੱਕ ਦਾ ਸਫ਼ਰ ਤੈਅ ਕੀਤਾ ਹੈ। ਭਾਵੇਂ ਉਹ ਆਰਥਿਕ ਪੱਖੋਂ ਸੰਪੰਨ ਹੋ ਗਏ ਹਨ, ਪਰ ਉਹ ਆਪਣੀ ਜੱਦੀ ਮਿੱਟੀ, ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਪਰਿਵਾਰਕ ਰਿਸ਼ਤਿਆਂ ਤੋਂ ਅਲੱਗ ਹੋ ਚੁੱਕੇ ਹਨ। ਸਪੱਸ਼ਟ ਹੈ ਕਿ ਪੰਜਾਬੀ ਪ੍ਰਵਾਸ ਦੇ ਮੂਲ ਵਿੱਚ ਆਰਥਿਕ ਕਾਰਕ ਸਭ ਤੋਂ ਵੱਡਾ ਪ੍ਰੇਰਕ ਹਨ। ਇਹ ਪ੍ਰਵਾਸ ਵਿਅਕਤੀ ਨੂੰ ਆਰਥਿਕ ਸਥਿਰਤਾ ਪ੍ਰਦਾਨ ਕਰਦਾ ਹੈ, ਪਰ ਨਾਲ ਹੀ ਉਸ ਨੂੰ 'ਭੂ-ਹੇਰਵੇ' ਦੀ ਪੀੜਾ ਵੀ ਦਿੰਦਾ ਹੈ, ਜੋ ਕਿ ਇੱਕ ਮਾਨਸਿਕ ਅਤੇ ਭਾਵਨਾਤਮਕ ਸਮੱਸਿਆ ਹੈ।*

***ਕੀਵਰਡ (Keyword): ਪਰਵਾਸ, ਆਰਥਿਕਤਾ, ਨੌਜਵਾਨ, ਬੇਰੋਜ਼ਗਾਰੀ, ਵਿਦੇਸ਼, ਪੰਜਾਬੀ, ਸੱਭਿਆਚਾਰ, ਰੋਜ਼ਗਾਰ, ਰਿਸ਼ਤੇ।***

ਵਰਤਮਾਨ ਸਮੇਂ ਵਿਚ ਪੰਜਾਬ 'ਤੇ ਭਾਰਤ ਦੇ ਬਾਕੀ ਸੂਬਿਆਂ ਵਿਚ ਲਗਾਤਾਰ ਪਰਵਾਸ ਹੋ ਰਿਹਾ ਹੈ। ਇਹ ਇਕੱਲੇ ਪੰਜਾਬ ਹੀ ਨਹੀਂ, ਸਗੋਂ ਸਮੁੱਚੇ ਭਾਰਤ ਦੀ ਸਮੱਸਿਆ ਹੈ। ਜਿਸ ਨੂੰ ਆਪਾਂ ਇੱਕ ਤ੍ਰਾਸਦੀ ਕਹਿ ਦਈਏ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਕਿਉਂਕਿ ਪਰਵਾਸ ਦੀ ਸਮੱਸਿਆ ਨੂੰ ਠੱਲ ਪਾਉਣ ਲਈ ਅਜੇ ਤੱਕ ਸਾਨੂੰ ਨਾਕਾਮਯਾਬੀ ਦਾ ਹੀ ਮੂੰਹ ਦੇਖਣਾ ਪਿਆ ਹੈ। ਨੌਜਵਾਨ ਪੀੜ੍ਹੀ ਹਵਾ ਤੋਂ ਵੀ ਤੇਜ਼ ਗਤੀ ਨਾਲ ਪਰਵਾਸ ਧਾਰਨ ਕਰ ਰਹੀ ਹੈ। ਜਦੋਂ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੀ ਜੱਦੀ ਭੂਮੀ ਨੂੰ ਛੱਡ ਕੇ ਅਸੀਮਤ ਸਮੇਂ ਲਈ ਵਿਕਸਿਤ ਦੇਸ਼ਾਂ ਵੱਲ ਅਗਰਸਰ ਹੋ ਜਾਂਦਾ ਹੈ। ਇਸੇ ਨੂੰ ਪਰਵਾਸ ਕਿਹਾ ਜਾਂਦਾ ਹੈ। ਮਨੁੱਖ ਦੀਆਂ ਪ੍ਰਤੀਦਿਨ ਵੱਧ ਰਹੀਆਂ ਪਦਾਰਥਵਾਦੀ ਲੋੜਾਂ ਨੇ ਉਸ ਨੂੰ ਪਰਵਾਸੀ ਬਣਾ ਦਿੱਤਾ ਹੈ। ਅਜੋਕੇ ਪਰਵਾਸੀ ਦਾ ਰੁਝਾਨ ਆਰਥਿਕ ਪੱਖੋਂ ਬੇਹਤਰੀ ਦੇ ਨਾਲ-ਨਾਲ ਪੂੰਜੀਪਤੀ ਦੇਸ਼ਾਂ ਵਿਚ ਵਸੇਵੇਂ ਦਾ ਵੀ ਹੈ 'ਤੇ ਉਹ ਵਿਦੇਸ਼ਾਂ ਵਿਚ ਆਪਣੀ ਜੀਵਨ ਸ਼ੈਲੀ ਸੁਧਾਰਨ ਲਈ ਲਗਾਤਾਰ ਪਰਵਾਸ ਕਰ ਰਿਹਾ ਹੈ। ਪਰਵਾਸ ਦੀ ਪਰਿਭਾਸ਼ਾ ਦਿੰਦੇ ਹੋਏ ਡਾ.ਨਛੱਤਰ ਸਿੰਘ ਲਿਖਦੇ ਹਨ ਕਿ:-

> *"ਪਰਵਾਸੀ ਸ਼ਬਦ ਦੋ ਸ਼ਬਦਾਂ 'ਪਰ' ਅਤੇ 'ਵਾਸੀ' ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਪਰ ਤੋਂ ਭਾਵ ਹੈ ਪਰਾਇਆ, ਬੇਗਾਨਾ ਜਾਂ ਉਪਰਾ ਅਤੇ ਵਾਸੀ ਤੋਂ ਭਾਵ ਹੈ ਕਿਸੇ ਸਥਾਨ ਤੇ ਰਹਿਣ ਵਾਲਾ। ਇਸੇ ਤਰ੍ਹਾਂ ਇਹ ਮਨੁੱਖ ਜੋ ਆਪਣਾ ਘਰ ਦੇਸ਼ ਜਾਂ ਵਤਨ ਛੱਡ ਕੇ ਕਿਸੇ ਹੋਰ ਬੇਗਾਨੇ ਮੁਲਕ ਵਿੱਚ ਰਹਿਣਾ ਸ਼ੁਰੂ ਕਰ ਦਿੰਦਾ ਹੈ ਉਸ ਨੂੰ ਪਰਵਾਸੀ ਕਿਹਾ ਜਾਂਦਾ ਹੈ"[1]*

ਇਸ ਤਰ੍ਹਾਂ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੀ ਜੱਦੀ ਭੂਮੀ ਨੂੰ ਛੱਡ ਕੇ ਅਸੀਮਤ ਸਮੇਂ ਲਈ ਵਿਕਸਿਤ ਦੇਸ਼ਾਂ ਵੱਲ ਅਗਰਸਰ ਹੋ


Received: 16 August 2025 Accepted: 28 August 2025 Published: 05 September 2025

ਰਿਹਾ ਹੈ। ਇਸੇ ਨੂੰ ਪਰਵਾਸ ਕਿਹਾ ਜਾਂਦਾ ਹੈ। ਆਪਣੇ ਜਨਮ ਅਸਥਾਨ ਤੋਂ ਬਿਨ੍ਹਾਂ ਕਿਸੇ ਹੋਰ ਅਸਥਾਨ ਜਿੱਥੇ ਉਸ ਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਹੁੰਦੀ ਦਿਖਾਈ ਦਿੰਦੀ ਹੈ, ਮਨੁੱਖ ਓਧਰਲੇ ਪਾਸੇ ਨੂੰ ਪ੍ਰਸਥਾਨ ਕਰਦਾ ਹੋਇਆ ਦਿਖਾਈ ਦਿੰਦਾ ਹੈ। ਪਰਵਾਸ ਦਾ ਅਰਥ 'ਤੇ ਕਾਰਨ ਸਪਸ਼ਟ ਕਰਦੇ ਹੋਏ ਜਗਦੀਪ ਸਿੰਘ ਦਾ ਕਹਿਣਾ ਹੈ-

*"ਪਰਾਈਆਂ ਧਰਤੀਆਂ 'ਤੇ ਰੁਜਗਾਰ ਦੀ ਤਲਾਸ਼ ਜਾ ਵਧੇਰੇ ਆਰਥਕ ਵਸੀਲਿਆ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ 'ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀ ਦਾ ਨਾਂ ਦਿੱਤਾ ਜਾਂਦਾ ਹੈ।"* [2]

ਵਧੇਰੇ ਸਹੂਲਤਾਂ ਦੀ ਖਿੱਚ ਉਸ ਨੂੰ ਆਪਣੀ ਮਿੱਟੀ ਤੋਂ ਦੂਰ ਕਰ ਦਿੰਦੀਆਂ ਹਨ। ਉਹ ਆਪਣੇ ਪੈਰ ਆਪਣੀ ਮਾਤਭੂਮੀ ਤੋਂ ਉਖੇੜ ਲੈਂਦਾ ਹੈ 'ਤੇ ਵਿਦੇਸ਼ਾਂ ਦੀ ਹਵਾ ਵਿਚ ਘੁੱਲ ਜਾਂਦਾ ਹੈ। ਵਿਦੇਸ਼ਾਂ ਵਿਚ ਜਾਣ ਦੀ ਉਸ ਦੀ ਇੱਛਾ ਨਵੇਂ-ਨਵੇਂ ਦ੍ਰਿਸ਼ਟੀਕੋਣਾ ਨੂੰ ਜਨਮ ਦਿੰਦੀ ਹੈ। ਪਦਾਰਥਕ ਉਨਤੀ ਲਈ ਉਹ ਵਿਦੇਸ਼ੀ ਭੂਮੀ ਵੱਲ ਖਿੱਚਿਆ ਜਾਂਦਾ ਹੈ। ਵਿੱਡਬਨਾ ਅਤੇ ਕਸ਼ਮਕਸ਼ ਵਿਚ ਫਸਿਆ ਹੋਇਆ ਮਨੁੱਖ ਵਿਦੇਸ਼ਾਂ ਵੱਲ ਕੂਚ ਕਰਦਾ ਹੈ। ਡਾਲਰਾਂ ਤੋਂ ਰੁਪਿਆ ਬਣਾਉਣ ਦਾ ਮੋਹ ਉਸ ਨੂੰ ਪੂੰਜੀ ਪ੍ਰਧਾਨ ਦੇਸ਼ਾਂ ਵੱਲ ਧੱਕ ਸੁੱਟਦਾ ਹੈ। ਉਹ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਿਦੇਸ਼ੀ ਧਰਤੀ ਦੇ ਜਾਣ ਵਾਲੇ ਰਾਹ ਨੂੰ ਫੜਦਾ ਹੈ। ਇੰਜ ਭਾਰਤ ਦੀ ਇਸ ਭੂਮੀ ਤੋਂ ਬਾਹਰ ਪੰਜਾਬੀ ਪਰਵਾਸੀਆਂ ਨੇ ਇਸ ਵਿਸ਼ਾਲ ਧਰਾਤਲ ਉੱਤੇ ਕਿੰਨੇ ਹੀ ਪੰਜਾਬ ਵਸਾ ਲਏ ਹਨ। ਪਰਵਾਸ ਦੀ ਪਰਿਭਾਸ਼ਾ ਨੂੰ ਅੱਗੇ ਤੋਰਦੇ ਹੋਏ ਡਾ. ਧਨਵੰਤ ਕੌਰ ਇਸ ਤਰ੍ਹਾਂ ਲਿਖਦੇ ਕਰਦੇ ਹਨ:

*"ਆਪਣੇ ਧਰਤੀ ਆਪਣੇ ਮਿੱਟੀ ਆਪਣੇ ਜੰਮਣ ਭੋਏ ਆਪਣੀ ਮਾਤ ਭੂਮੀ ਨੂੰ ਛੱਡ ਜਿਸ ਕਿਸੇ ਨੂੰ ਵੀ ਕਿਸੇ ਵੀ ਕਾਰਨ ਵਸ ਕਿਸੇ ਪਰਾਏ ਮੁਲਕ ਵਿੱਚ ਜਾ ਕੇ ਵਸੇਵਾਂ ਕਰਨਾ ਪੈਂਦਾ ਹੈ ਉਹ ਪਰਵਾਸੀ ਕਹਾਉਂਦਾ ਹੈ।"* [3]

ਵਿਅਕਤੀ ਜਦੋਂ ਆਪਣੀ ਭੂਮੀ ਨੂੰ ਕਿਸੇ ਕਾਰਨਵੱਸ ਤਿਆਗ ਦਿੰਦਾ ਹੈ ਜਾਂ ਰੋਜ਼ਗਾਰ ਦੀ ਭਾਲ ਵਿਚ ਆਪਣੇ ਮੁਲਕ ਨੂੰ ਛੱਡ ਕੇ ਕਿਸੇ ਦੂਸਰੇ ਮੁਲਕ ਵਿਚ ਵਸੇਵਾਂ ਕਰ ਲੈਂਦਾ ਹੈ। ਉਸ ਨੂੰ ਪਰਵਾਸੀ ਕਿਹਾ ਜਾਂਦਾ ਹੈ। ਉਹ ਗਰੀਬ ਤੋਂ ਅਮੀਰ ਹੋਣ ਦੇ ਜਰੀਏ ਨਾਲ ਵਿਕਸਿਤ ਦੇਸ਼ਾਂ ਵੱਲ ਪਲਾਇਨ ਕਰਦਾ ਹੈ। ਅਜੋਕੇ ਯੁੱਗ ਵਿਚ ਲੱਗਭਗ ਹਰ ਵਿਕਸਿਤ ਦੇਸ਼ ਵਿਚ ਭਾਰਤੀ ਪੰਜਾਬੀ ਦਾ ਵਸੇਵਾਂ ਹੋਇਆ ਹੈ। ਇਸ ਵਸੇਵੇਂ ਪਿੱਛੇ ਉਸ ਦੀ ਸਵੈ-ਚੋਣ ਹੀ ਦਿਖਾਈ ਦਿੰਦੀ ਹੈ। ਪੰਜਾਬੀਆਂ ਦੇ ਪਰਵਾਸ ਦੀ ਪਿੱਠਭੂਮੀ ਉੱਤੇ ਸੁਖਪ੍ਰੀਤ ਕੌਰ ਲਿਖਦੇ ਹਨ ਕਿ:-

*"ਪੰਜਾਬੀਆਂ ਦੇ ਪਰਵਾਸ ਦਾ ਆਰੰਭ ਵਧੇਰੇ ਕਰਕੇ 1849 ਈ. ਵਿੱਚ ਅੰਗਰੇਜ਼ਾਂ ਦੇ ਪੰਜਾਬ ਉੱਤੇ ਰਾਜ ਸਥਾਪਿਤ ਕਰਨ ਸਮੇਂ ਤੋਂ ਮੰਨਿਆ ਜਾਂਦਾ ਹੈ। ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਨੂੰ 1854 ਈ. ਵਿੱਚ ਜਬਰਦਸਤੀ ਇੰਗਲੈਂਡ ਭੇਜਿਆ ਗਿਆ ਇਸੇ ਲਈ ਵਿਦਵਾਨਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਪਹੁੰਚਣ ਵਾਲਾ ਪਹਿਲਾ ਪਰਵਾਸੀ ਪੰਜਾਬੀ ਕਿਹਾ ਜਾਂਦਾ ਹੈ।"* [4]

ਪੰਜਾਬੀਆਂ ਨੇ ਉਸ ਸਮੇਂ ਤੋਂ ਬਾਅਦ ਵਿਦੇਸ਼ਾਂ ਵੱਲ ਜਾਣ ਦਾ ਰੁੱਖ ਕੀਤਾ ਹੋਇਆ ਹੈ। ਸਮੇਂ ਦੇ ਬੀਤਣ ਤੋਂ ਬਾਅਦ ਹੁਣ ਤੱਕ ਪਰਵਾਸੀ ਪੰਜਾਬੀਆਂ ਨੇ ਉੱਥੇ ਪਹੁੰਚ ਕੇ ਵੱਡੇ-ਵੱਡੇ ਕਾਰਜ ਕੀਤੇ ਅਤੇ ਗਲੋਬਲ ਪਿੰਡ ਦਾ ਆਨੰਦ ਮਾਨਿਆ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਪਰਵਾਸ ਦਾ ਸਿਲਸਿਲਾ ਚੱਲ ਰਿਹਾ ਹੈਂ। ਇਸ ਪਿੱਛੇ ਮਨੁੱਖ ਦੇ ਬਹੁਤ ਸਾਰੇ ਮਨੋਰਥ ਛਿੱਪੇ ਹੋਏ ਹਨ। ਵਿਅਕਤੀ ਆਪਣੀ ਭੋਇ ਨੂੰ ਛੱਡ ਕੇ ਅਤਿ-ਵਿਅਸਤ ਪੱਛਮੀ ਦੇਸ਼ਾਂ ਵੱਲ ਰੁੱਖ ਕਰਦਾ ਹੈ। ਉਹ ਪੂੰਜੀਵਾਦੀ ਦੇਸ਼ਾਂ ਵਿਚ ਸਿਰਫ਼ ਆਪਣੇ ਮੰਤਵ ਦੇ ਪੂਰਾ ਹੋਣ ਤੱਕ ਰਹਿਣ ਦੇ ਇਰਾਦੇ ਵੱਜੋਂ ਜਾਂਦਾ ਹੈ ਪਰ ਉਥੋਂ ਦਾ ਸਮਾਂ ਤੇ ਪ੍ਰਸਥਿਤੀਆਂ ਉਸ ਨੂੰ ਦਬੋਚ ਲੈਂਦੀਆਂ ਹਨ। ਜਿਨ੍ਹਾਂ ਕਰਕੇ ਉਹ ਇਹਨਾਂ ਵਿਕਸਿਤ ਦੇਸ਼ਾਂ ਵਿਚ ਹੀ ਵੱਸ ਜਾਂਦਾ ਹੈ। ਜੋ ਵਿਅਕਤੀ ਵਾਪਿਸ ਪਰਤ ਕੇ ਆਉਣ ਦੇ ਪੱਕੇ ਵਸੀਲੇ ਨਾਲ ਪਰਵਾਸੀ ਹੁੰਦਾਂ ਹੈ, ਉਹ ਵਿਅਕਤੀ ਵੀ ਇਹਨਾਂ ਦੇਸ਼ਾਂ ਦੇ ਵਾਤਾਵਰਨ, ਸਮਾਜ ਅਤੇ ਸਭਿਆਚਾਰ ਦਾ ਸ਼ਿਕਾਰ ਹੁੰਦਾਂ ਹੈ। ਭਾਰਤੀ ਪੰਜਾਬੀਆਂ ਦੀਆਂ ਪਿਛਲੀਆਂ ਤਿੰਨ-ਤਿੰਨ ਪੀੜੀਆਂ ਲਗਾਤਾਰ ਪਰਵਾਸ ਧਾਰਨ ਕਰ ਰਹੀਆਂ ਹਨ ਪਰ ਅਜੋਕੀ ਤੀਜੀ ਪੀੜੀ ਹੁਣ ਸਮਾਂ ਬੀਤਣ ਦੇ ਨਾਲ-ਨਾਲ ਵਿਦੇਸ਼ੀ ਵਾਤਾਵਰਨ, ਖਾਣ-ਪੀਣ, ਪਹਿਰਾਵਾ, ਰਹਿਣ ਸਹਿਣ ਦੀ ਆਦੀ ਹੋ ਚੁਕੀ ਹੈ। ਪਹਿਲਾਂ ਪਰਵਾਸੀ ਹੋਈਆਂ ਦੋ ਪੀੜੀਆਂ ਵੇਸ਼ਕ ਜਨਮ ਭੂਮੀ ਉੱਤੇ ਪਰਤਣ ਦਾ ਜਤਨ ਕਰਦੀਆਂ ਹੋਣ ਪਰ ਸਮਕਾਲੀ ਤੀਜੀ ਪੀੜੀ ਉਥੋਂ ਦੀ ਹੀ ਜੰਮਪਲ ਹੋਣ ਕਰਕੇ ਇਸ ਧਰਤੀ ਤੇ ਮੁੜ ਆਉਣਾ ਅਸੰਭਵ ਜਾਪਦਾ ਹੈ। ਪਰਵਾਸੀ ਪੰਜਾਬੀਆਂ ਦੀ ਸਮਕਾਲੀ ਤੀਜੀ ਪੀੜੀ ਹੁਣ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਚੁਕੀ ਹੈ ਕੇ ਉਹਨਾਂ ਦੀ ਮਾਤ ਭੂਮੀ ਹੁਣ ਵਿਦੇਸ਼ੀ ਧਰਤੀ ਹੀ ਹੈ। ਉਹ ਇਸ ਧਰਤੀ ਨੂੰ ਛੱਡਣਾ ਨਹੀਂ ਚਾਉਂਦੇ। ਉਸ ਧਰਾਤਲ ਉੱਤੇ ਵਸਦੇ ਪਰਵਾਸੀ ਓਥੋਂ ਦੀ ਹੀ ਧਰਤੀ ਨੂੰ ਮਨੁੱਖੀ ਹੱਕਾਂ ਦੀ ਵੱਡੀ ਦਾਅਬੇਦਾਰ ਧਰਤੀ ਸਮਝਦੇ ਹਨ। ਨੌਜਵਾਨ ਪੀੜੀ ਦੇ ਪਰਵਾਸ ਧਾਰਨ ਕਰਨ ਪਿੱਛੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਜ਼ਿਆਦਾਤਰ ਪਰਵਾਸੀ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਹੀ ਪਰਵਾਸ ਧਾਰਨ ਕਰਦੇ ਹਨ। ਕਿਉਂਕਿ ਆਰਥਿਕਤਾ ਹੀ ਪਰਵਾਸ ਕਰਨ ਪਿੱਛੇ ਅਹਿਮ ਬਿੰਦੂ ਹੈ।

ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਵਿਅਕਤੀ ਵਿਦੇਸ਼ਾਂ ਵੱਲ ਅਗਰਸਰ ਹੋ ਰਿਹਾ ਹੈ। ਹਾਂ ਇਹ ਗੱਲ ਸੱਚ ਹੈ ਕਿ ਪਰਵਾਸ ਇਕੱਲਾ ਆਰਥਿਕਤਾ ਤੇ ਹੀ ਅਧਾਰਿਤ ਨਹੀਂ ਸਗੋਂ ਇਸ ਪਿੱਛੇ ਕਈ ਹੋਰ ਵੀ ਕਾਰਨ ਹੋ ਸਕਦੇ ਹਨ। ਮਨੁੱਖ ਦੀ ਪਦਾਰਥਵਾਦੀ ਛੋਹ ਨੇ ਉਸ ਨੂੰ ਪਰਵਾਸੀ ਹੋਣ ਲਈ ਵਧੇਰੇ ਉਕਸਾਇਆ ਹੈ। ਉਸ ਨੇ ਪੈਸਾ ਪ੍ਰਧਾਨ ਸਮਾਜ ਵਿਚ ਆਪਣੀ ਛਬੀ ਨੂੰ ਸੁਧਾਰਨ ਲਈ ਗੁਲਾਮੀਅਤ ਦਾ ਫੰਦਾ ਵੀ ਗਲ ਵਿਚ ਪਾਇਆ ਹੈ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਸਮਾਜਿਕ ਢਾਂਚੇ ਨੂੰ ਚਲਾਉਣ ਲਈ ਆਰਥਿਕਤਾ ਅਹਿਮ ਭੂਮਿਕਾ ਅਦਾ ਕਰਦੀ ਹੈ। ਸਿੱਟੇ ਵਜੋਂ ਆਰਥਿਕਤਾ ਤੋਂ ਸੁਖਾਲ਼ਾ ਹੋਣ ਲਈ ਅਤੇ ਗਲੋਬਲ ਪਿੰਡ ਦਾ ਆਨੰਦ ਮਾਨਣ ਲਈ ਪਰਵਾਸ ਦਾ ਰੁਝਾਣ ਵੱਧ ਰਿਹਾ ਹੈ। ਨੌਜਵਾਨ ਪੀੜੀ ਦਾ ਵਿਦੇਸ਼ਾਂ ਵੱਲ ਨੂੰ ਵੱਧਦੇ ਰੁਝਾਨ ਪਿੱਛੇ ਆਰਥਿਕਤਾ ਹੀ ਮੁੱਖ ਕਾਰਨ ਮੰਨਿਆ ਜਾ ਸਕਦਾ ਹੈ। ਮਨੁੱਖ ਵਿਦੇਸ਼ਾਂ ਵਿਚ ਪੈਸਾ ਕਮਾਉਣ ਦੀ ਇੱਛਾ ਰੱਖਦਾ ਹੈ ਤਾਂ ਕਿ ਉਹ ਵਿਗੜੀ ਹੋਈ ਆਰਥਿਕਤਾ ਨੂੰ ਸੁਧਾਰ ਸਕੇ। ਬੇਸ਼ਕ ਵਿਅਕਤੀ ਬੇਗਾਨੀ ਧਰਤੀ ਤੇ ਜਾ ਕੇ ਆਰਥਿਕਤਾ ਨਾਲ ਨਜਿੱਠ ਲੈਂਦਾ ਹੈ ਪਰ ਉਹ ਆਪਣੀ ਭੂਮੀ, ਦੇਸ਼, ਧਰਮ ,ਸੱਭਿਆਚਾਰ ਅਤੇ ਪਰਿਵਾਰ ਨਾਲੋਂ ਟੁੱਟ ਜਾਂਦਾ ਹੈ। ਉਹਨਾਂ ਨੂੰ ਵਿਗਾਨੇ ਮੁਲਕਾਂ ਦੀਆਂ ਬਣਾਈਆਂ ਨੀਤੀਆਂ ਤੇ ਉਹਨਾਂ ਦੇ ਨਿਯਮਾਂ ਅਨੁਸਾਰ ਹੀ ਖ਼ੁਦ ਨੂੰ ਬਦਲਣਾ ਪੈਂਦਾ ਹੈ। ਪੰਜਾਬ ਦੀ ਮੰਦੀ ਆਰਥਿਕਤਾ ਨੇ ਹੀ ਪਰਵਾਸ ਦੇ ਰੁਝਾਨ ਵਿਚ ਵਾਧਾ ਕੀਤਾ ਹੈ। ਮਨੁੱਖ ਆਪਣੀ ਜ਼ਿੰਦਗੀ ਵਿਚ ਚੰਗੀ ਆਰਥਿਕਤਾ ਲੋਚਦਾ ਹੈ। ਇਸ ਮੰਦੀ ਆਰਥਿਕਤਾ ਨੇ ਉੱਚ ਪੱਧਰ ਦੀਆਂ ਪੜ੍ਹਾਈਆਂ ਤਕਨੀਕਾਂ ਪੱਖੋਂ ਸੰਪੂਰਨ ਹੋਣ ਅਤੇ ਵੱਡੀਆਂ-ਵੱਡੀਆਂ ਡਿਗਰੀਆਂ ਹਾਸਿਲ ਨੌਜਵਾਨਾਂ ਨੂੰ ਵੀ ਪਰਵਾਸ ਵੱਲ ਧੱਕਿਆ ਹੈ। ਮੰਦੀ ਆਰਥਿਕਤਾ ਹੀ ਬੇਰੋਜ਼ਗਾਰੀ ਦੀਆਂ ਸਮੱਸਿਆਵਾਂ ਨੂੰ ਪੈਦਾ ਕਰਦੀ ਹੈ, ਜਿਸ ਨਾਲ ਪਰਵਾਸ ਦਾ ਰੁਝਾਨ ਵੱਧ ਰਿਹਾ ਹੈ। ਇਸੇ ਸੰਦਰਭ ਵਿਚ ਡਾ. ਧਨਵੰਤ ਕੌਰ ਲਿਖਦੇ ਹਨ ਕਿ:-

*"ਪੰਜਾਬ ਦੀ ਮੰਦੀ ਦੀ ਆਰਥਿਕਤਾ ਨੇ ਹੀ ਨਹੀਂ ਇਹ ਸੁਰੱਖਿਤ ਤੇ ਦਿਸ਼ਾਹੀਨ ਭਵਿੱਖ ਦੇ ਹਰ ਹੁਨਰਵੰਦ ਗੈਰ ਹੁਨਰਬੰਦ ਅਨਪੜ ਜਾਂ ਪੜੇ ਲਿਖੇ ਨੂੰ ਤਾਂ ਕੀ ਵਸੀਲਿਆਂ ਅਤੇ ਪ੍ਰੋਫੈਸ਼ਨਲ ਡਿਗਰੀਆਂ ਵਾਲੇ ਖੁਸ਼ਹਾਲ ਪੰਜਾਬੀਆਂ ਨੂੰ ਵੀ ਪ੍ਰਵਾਸ ਲਈ ਉਸ ਕਾਇਆ ਤੇ ਪ੍ਰੇਰਿਆ ਹੈ ਵਿਸ਼ਵੀਕਰਨ ਦੀਆਂ ਆਰਥਿਕ ਨੀਤੀਆਂ ਤੇ ਜਰੂਰਤਾਂ ਨੇ ਹੀ ਪੰਜਾਬੀ ਪ੍ਰਵਾਸ ਨੂੰ ਆਪਣੇ ਢੰਗ ਉਤੇਜਿੱਤ ਨਿਅੰਤਰਿਤ ਕੀਤਾ ਹੈ।"* [5]

ਆਰਥਿਕ ਤੰਗੀਆਂ ਕਾਰਨ ਹੀ ਵਿਅਕਤੀ ਪੂੰਜੀਵਾਦੀ ਦੇਸ਼ਾਂ ਵੱਲ ਆਪਣਾ ਰੁਝਾਨ ਕਰਦਾ ਹੈ। ਤੇਜੀ ਨਾਲ ਵੱਧ ਰਿਹਾ ਭ੍ਰਿਸ਼ਟਾਚਾਰ, ਗੈਂਗਵਾਰ, ਨਸ਼ਾ, ਔਰਤ ਉਤਪੀੜਨ, ਖ਼ੁਰਦੀ ਕਿਸਾਨੀ ਆਦਿ ਗੰਭੀਰ ਮਸਲਿਆ ਨੇ ਵਿਅਕਤੀ ਨੂੰ ਪਰਵਾਸੀ ਹੋਣ ਦੇ ਰੁਝਾਨ ਵਿਚ ਵਾਧਾ ਕੀਤਾ ਹੈ। ਰੋਜ਼ਗਾਰ ਦੀ ਭਾਲ ਵਿਚ ਮਨੁੱਖ ਵਿਦੇਸ਼ਾਂ ਵੱਲ ਆਪਣੇ ਕਦਮ ਵਧਾ ਰਿਹਾ ਹੈ। ਜਿੱਥੇ ਉਸ ਦੀ ਮਿਹਨਤ ਦੇ ਮੁਕਾਮ ਮਿਲਣ ਦੀ ਆਸ ਹੁੰਦੀ ਹੈ। ਚੰਗੀ ਆਰਥਿਕ ਸਥਿਤੀ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਣਾ ਹਰ ਕੋਈ ਲੋਜਦਾ ਹੈ। ਉਹ ਚਾਹੇ ਆਪਣੇ ਖੇਤਰ ਦੇ ਵਾਸੀ ਬਣ ਕੇ ਜਾਂ ਪਰਵਾਸੀ ਬਣ ਕੇ ਜਿਉਂਣ ਨਾਲ ਹੀ ਕਿਉਂ ਨਾ ਮਿਲੇ। ਪੈਸਾ ਕਮਾ ਕੇ ਮੁੜ ਵਤਨ ਵਾਪਿਸ ਆਉਣ ਦੇ ਵਿਸ਼ਵਾਸ ਨਾਲ ਉਹ ਦਿਨ-ਰਾਤ ਮਿਹਨਤ ਕਰਦਾ ਹੈ ਪਰ ਆਰਥਿਕ ਪੱਖੋਂ ਸੰਤੁਸ਼ਟ ਹੋਣ ਦਾ ਇਹ ਜਰੀਆਂ ਕੋਈ ਸੁਖਾਲ਼ਾ ਨਹੀਂ ਹੈ। ਮਿੱਥੇ ਸਮੇਂ ਤੋਂ ਵੱਧ ਮਜਦੂਰੀ ਕਰਨਾ ਅਤੇ ਆਪਣੀਆਂ ਜਰੂਰਤਾਂ ਦੀ ਪੂਰਤੀ ਕਰਨਾ ਕੋਈ ਆਸਾਨ ਕਾਰਜ ਨਹੀਂ ਹੈ। ਪਰਵਾਸੀ ਕਾਮੇ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਚੱਕਰ ਵਿਚ ਮਸ਼ੀਨਾਂ ਨਾਲ ਖ਼ੁਦ ਮਸ਼ੀਨ ਬਣ ਜਾਂਦੇ ਹਨ। ਇਸੇ ਦੇ ਆਧਾਰ ਤੇ ਤਜਿੰਦਰ ਸਿੰਘ ਖਹਿਰਾ ਦਾ ਵਿਚਾਰ ਹੈ ਕਿ-

*"ਪ੍ਰਵਾਸੀ ਮਨੁੱਖ ਵੱਲੋਂ ਪ੍ਰਵਾਸ ਧਾਰਨ ਬਹੁਤੀਆਂ ਹਾਲਾਤਾਂ ਵਿੱਚ ਸ਼ੌਂਕ ਵਸ ਨਹੀਂ ਬਲਕਿ ਘਰੇਲੂ ਮਜਬੂਰੀਆਂ ਹੀ ਉਸਨੂੰ ਪ੍ਰਵਾਸ ਧਾਰਨ ਲਈ ਪ੍ਰੇਰਦੀਆਂ ਹਨ।"* [6]

ਸ਼ਾਹੂਕਾਰਾਂ ਦੀ ਮਾਰ ਹੇਠ ਆਏ ਗਰੀਬ ਕਿਸਾਨਾਂ ਨੇ ਸਵੈ-ਇੱਛਤ ਖ਼ੁਦ ਨੂੰ ਜਾ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕਿਆ ਹੈ। ਹਜਾਰਾਂ ਕਿਸਾਨਾਂ ਨੇ ਆਪਣੀਆਂ ਨਿਜੀ ਸਮੱਸਿਆਵਾਂ ਕਾਰਨ, ਆਪਣਾ ਢਿੱਡ ਭਰਨ ਲਈ, ਮਾਰੂ ਕਰਜੇ ਉਤਾਰਨ ਲਈ, 'ਤੇ ਜੀਵਨ-ਸ਼ੈਲੀ ਨੂੰ ਸੁਧਾਰਨ ਲਈ ਪਰਵਾਸੀ ਹੋਣ ਦੇ ਰਾਹ ਨੂੰ ਅਪਣਾਇਆ ਹੈ। ਆਰਥਿਕਤਾ ਨੂੰ ਸੁਧਾਰਨ ਲਈ ਮਨੁੱਖ ਦਿਨ-ਰਾਤ ਹੱਟ-ਤੋੜ ਮਿਹਨਤ ਕਰਦਾ ਹੈ। ਇਹ ਮਿਹਨਤ ਸਦਕਾ ਉਹ ਚੰਗੀ ਆਰਥਿਕਤਾ ਵਾਲੀ ਜ਼ਿੰਦਗੀ ਨੂੰ ਤਾਂ ਹਾਸਿਲ ਕਰ ਲੈਂਦਾ ਹੈ ਪਰ ਉਹ ਆਪਣੇ ਸਮਾਜ ਨਾਲੋਂ ਟੁੱਟ ਜਾਂਦਾ ਹੈ। ਪੈਸੇ ਦੇ ਲਾਲਚ ਨਾਲ ਵਿਅਕਤੀ ਆਪਣੇ ਪਰਿਵਾਰ ਰਿਸ਼ਤਿਆਂ ਤੋਂ ਹੱਥ ਧੋ ਬੈਠਦਾ ਹੈ। ਹੱਡ-ਭੰਨਵੀ ਮਿਹਨਤ ਕਾਰਨ ਉਹ ਆਪਣੇ ਰਿਸ਼ਤਿਆਂ ਤੇ ਪਰਿਵਾਰ ਨੂੰ ਸਮਾਂ ਨਹੀਂ ਦੇ ਪਾਉਂਦਾ, ਜਿਸ ਕਾਰਨ ਆਰਥਿਕਤਾ ਪੱਖੋਂ ਚਾਹੇ ਮਨੁੱਖ ਸੰਪੰਨ ਹੋ ਸਕਦਾ ਹੈ ਪਰ ਉਹ ਸਮਾਜ ਵਿਚ ਆਪਣੀ ਪਹਿਚਾਣ ਗਵਾ ਬੈਠਦਾ ਹੈ। ਆਰਥਿਕਤਾ ਧਾਰਨ ਨਾਲ ਰਿਸ਼ਤਿਆਂ ਦੀ ਟੁੱਟ ਭੱਜ ਬਾਰੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਲਿਖਦੇ ਹਨ ਕਿ-

*"ਪ੍ਰਵਾਸੀ ਪੂੰਜੀਵਾਦੀ ਸਮਾਜ ਵਿੱਚ ਰਿਸ਼ਤਿਆਂ ਦੇ ਟੁੱਟਣ ਅਤੇ ਬਣਨ ਦਾ ਮੁੱਖ ਆਰਥਿਕਤਾ ਹੈ।"* [7]

ਘੱਟ ਰਹੀਆਂ ਜ਼ਮੀਨਾਂ, ਵੱਧ ਰਹੇ ਖਰਚੇ 'ਤੇ ਪੈਸਾ ਮੁਲਕ ਸਮਾਜ ਵਿਚ ਜਿੱਥੇ ਪੈਸੇ ਨੂੰ ਹੀ ਅਹਿਮ ਭੂਮਿਕਾ ਦਿੱਤੀ ਜਾਂਦੀ ਹੈ। ਉਥੇ ਆਰਥਿਕ ਪੱਖੋਂ ਕਮਜ਼ੋਰ ਨੌਜਵਾਨ ਵਿਦਿਆਰਥੀ ਬਣ ਕੇ ਪੂੰਜੀਵਾਦੀ ਦੇਸ਼ਾਂ ਵਿਚ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨਾ ਚਾਹੁੰਦੇ ਹਨ ਅਤੇ ਉੱਥੇ ਵਸ ਜਾਣਾ ਚਾਹੁੰਦੇ ਹਨ। ਉਹ ਵਿਦੇਸ਼ਾਂ ਵੱਲ ਚੰਗੀ ਸਿੱਖਿਆ ਨਹੀਂ ਸਗੋਂ ਚੰਗੇ ਰੋਜ਼ਗਾਰ ਦੇ ਵਸੀਲੇ ਪ੍ਰਾਪਤ ਕਰਨਾ ਚਾਹੁੰਦੇ ਹਨ। ਇਸ ਪ੍ਰਕਾਰ ਸੁਖਦੇਵ ਸਿੰਘ ਲਿਖਦੇ ਹਨ ਕਿ

> *"ਸਭ ਤੋਂ ਪਹਿਲਾਂ ਵਿਦੇਸ਼ਾਂ ਵਿੱਚ ਦਾਖਲਾ ਲੈਣ ਵਾਲੇ ਜ਼ਿਆਦਾਤਰ ਭਾਰਤੀ ਵਿਦਿਆਰਥੀ ਮੁੱਖ ਤੌਰ ਤੇ ਸਿੱਖਿਆ ਲਈ ਨਹੀਂ ਬਲਕਿ ਵੀਜ਼ਾ ਪ੍ਰਾਪਤ ਕਰਨ ਅਤੇ ਉੱਥੇ ਹੀ ਕੰਮ ਲੱਭ ਕੇ ਵੱਸ ਜਾਣ ਵਿਚ ਤਿਲਚਸਪੀ ਰੱਖਦੇ ਹਨ। ਭਾਰਤੀ ਨੌਜਵਾਨਾਂ ਵਿੱਚ ਵਿਦੇਸ਼ਾਂ ਵੱਲ ਖਿੱਚ ਸਿਰਫ ਸਿੱਖਿਆ ਤੇ ਸਿਖਲਾਈ ਲਈ ਨਹੀਂ ਸਗੋਂ ਯੋਗਤਾ ਅਤੇ ਸਮਰੱਥਾ ਅਧਾਰਤ ਰੋਜ਼ਗਾਰ ਦੇ ਬਿਹਤਰ ਮੌਕੇ ਪੱਖਪਾਤ ਰਹਿਤ ਕੰਮ ਅਤੇ ਉਜਰਤ ਪ੍ਰਣਾਲੀ, ਦਖਲ ਅੰਦਾਜੀ ਖਿਆ ਅਤੇ ਕਾਨੂੰਨੀ ਬਰਾਬਰ ਦੇ ਅਧਾਰ ਤੇ ਸੰਚਾਲਿਤ ਜੀਵਨ, ਸਭਿਅਕ ਸਮਾਜਿਕ ਮਾਹੌਲ ਆਦਿ ਕਰਕੇ ਹੈ।"* [8]

ਆਰਥਿਕਤਾ ਨੂੰ ਸੁਧਾਰਨ ਲਈ ਪਰਵਾਸੀ ਪੰਜਾਬੀਆਂ ਨੇ ਵੱਖੋ-ਵੱਖਰੇ ਕੰਮ ਧੰਦਿਆਂ ਨੂੰ ਅਪਣਾਇਆ। ਜਿਨਾਂ ਵਿਚੋਂ ਲੇਬਰ ਦਾ ਕੰਮ, ਖੇਤਾਂ ਵਿਚ ਫਲ ਤੋੜਨੇ, ਮਾਲਾਂ 'ਤੇ ਫੈਕਟਰੀਆਂ ਵਿਚ ਕੰਮ, ਡਰਾਈਵਰਾਂ ਦੀਆਂ ਨੌਕਰੀਆਂ ਭਾਲਦੇ ਹਨ। ਇਨਾਂ ਕੰਮਾਂ-ਕਾਜਾਂ ਵਿਚ ਪਰਵਾਸੀ ਦਾ ਸ਼ੌਕ ਨਹੀਂ, ਸਗੋਂ ਮੰਦੀ ਆਰਥਿਕਤਾ ਕੰਮ ਕਰਦੀ ਨਜ਼ਰ ਆਉਂਦੀ ਹੈ। ਉਹ ਹਰ ਵਸੀਲੇ ਅਪਣਾ ਕੇ ਆਪਣੀ ਆਰਥਿਕ ਸਥਿਤੀ ਸੁਧਾਰਨਾ ਚਾਹੁੰਦੇ ਹਨ।

ਤੀਜੀ ਦੁਨੀਆਂ ਦੇ ਦੇਸ਼ਾਂ ਵੱਲ ਜਾਣ ਦੀ ਚਾਲ ਮਨੁੱਖ ਨੇ ਤੇਜ਼ ਕਰ ਲਈ ਹੈ। ਸੰਪੰਨ ਤੇ ਸੰਪੂਰਨ ਯੂਰੋਪ ਦੇ ਦੇਸ਼, ਜਿੱਥੇ ਪਹੁੰਚ ਕੇ ਵਿਅਕਤੀ ਦਾ ਮੰਤਵ ਸਿਰਫ਼ ਪੈਸਾ ਕਮਾਉਣਾ ਅਤੇ ਵਿਕਸਿਤ ਦੇਸ਼ਾਂ ਵਿਚ ਵਸ ਜਾਣਾ ਹੁੰਦਾ ਹੈ। ਜਿੱਥੇ ਚੰਗੀ ਆਰਥਿਕ ਸਥਿਤੀ ਨੂੰ ਹਾਸਿਲ ਕਰਨ ਦੇ ਵਸੀਲੇ ਵੱਧ ਹਨ। ਕਮਜ਼ੋਰ ਆਰਥਿਕਤਾ ਨੇ ਹੀ ਪੰਜਾਬ ਦੇ ਨੌਜਵਾਨਾਂ ਨੂੰ ਆਪਣੀ ਮਿੱਟੀ ਤੋਂ ਦੂਰ ਘੱਲਿਆ ਹੈ। ਮੰਦੀ ਆਰਥਿਕਤਾ ਬੇਰੋਜ਼ਗਾਰੀ ਅਨਪੜਤਾ ਆਦਿ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ। ਜਿਸ ਦੀ ਬਦੌਲਤ ਨੌਜਵਾਨ ਪੂੰਜੀਵਾਦੀ ਜਾਂ ਵਿਕਸਿਤ ਦੇਸ਼ਾਂ ਵੱਲ ਆਪਣਾ ਪੈਰ ਪਸਾਰਦਾ ਹੈ। ਭਵਿੱਖ ਦੀ ਬੇਹਤਰੀ ਲਈ ਵਿਅਕਤੀ ਕਾਨੂੰਨੀ ਜਾਂ ਗੈਰ ਕਾਨੂੰਨੀ ਤਰੀਕਿਆਂ ਨਾਲ ਪੂੰਜੀਵਾਦੀ ਦੇਸ਼ਾਂ ਵਿਚ ਜਾਣ ਲਈ ਆਪਣੀ ਵਾਹ ਲਾ ਰਿਹਾ ਹੈ। ਵਿਦੇਸ਼ਾਂ ਵਿਚ ਵਸੇਵੇਂ ਲਈ ਭਾਰਤੀ ਪੰਜਾਬੀਆਂ ਦੀ ਦਿਲਚਸਪੀ ਦਿਨ ਪ੍ਰਤੀਦਿਨ ਤੇਜ ਹੁੰਦੀ ਜਾਂਦੀ ਹੈ। ਇਹ ਦਿਲਚਸਪੀ ਪੈਸੇ ਪੱਖੋਂ ਆਪਣੇ ਆਪ ਨੂੰ ਸੰਪੂਰਨ ਕਰਨ ਜਾ ਇਕ ਦੂਜੇ ਨੂੰ ਦੇਖੋ-ਦੇਖ ਵੱਧ ਰਹੀ ਹੈ।

ਪੂੰਜੀਵਾਦੀ ਦੇਸ਼ਾਂ ਵਿਚ ਵਿਅਕਤੀ ਆਪਣੇ ਭਵਿੱਖ ਨੂੰ ਸੁਖਾਲ਼ਾ ਬਣਾਉਣ ਲਈ ਵਰਤਮਾਨ ਦੀ ਨੀਂਦ ਨੂੰ ਗਵਾ ਕੇ ਦਿਨ-ਰਾਤ ਮਿਹਨਤ ਕਰਦਾ ਹੈ ਤਾਂ ਕਿ ਪਿੱਛੇ ਛੱਡ ਕੇ ਆਏ ਆਪਣੇ ਪਰਿਵਾਰ ਦੀ ਸਥਿਤੀ ਸੁਧਾਰ ਸਕੇ। ਇਸ ਗੱਲ ਤੋਂ ਕੋਈ ਅਣਜਾਣ ਨਹੀਂ ਕਿ ਵਿਦੇਸ਼ਾਂ ਵਿਚ ਪਹੁੰਚ ਕੇ ਪਰਵਾਸੀਆਂ ਨੇ ਉੱਥੇ ਬਹੁਤ ਮਿਹਨਤ ਕੀਤੀ ਖੇਤਾਂ ਵਿਚ ਕੰਮ ਕਰਨ ਤੋਂ ਲੈ ਕੇ ਵੱਡੀਆਂ-ਵੱਡੀਆਂ ਕੰਪਨੀਆਂ ਦੇ ਮਾਲਕ ਵੀ ਬਣ ਬੈਠੇ ਹਨ। ਆਰਥਿਕਤਾ ਪੱਖੋਂ ਸੁਖਾਲ਼ੇ ਹੋ ਗਏ ਹਨ ਪਰ ਆਪਣੇ ਦੇਸ਼, ਆਪਣੀ ਮਿੱਟੀ, ਸੱਭਿਆਚਾਰ, ਧਰਮ ਨਾਲੋਂ ਵੀ ਟੁੱਟ ਚੁੱਕੇ ਹਨ।

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਰਥਿਕ ਪੱਖੋਂ ਪਿਛੜਿਆ ਵਿਅਕਤੀ ਪਰਵਾਸ ਧਾਰਨ ਕਰਕੇ ਅਤੇ ਸਿਦਕਦਿਲੀ ਨਾਲ ਮਿਹਨਤ ਕਰਕੇ ਮਜ਼ਦੂਰ ਤੋਂ ਫੈਕਟਰੀਆਂ ਦੇ ਮਾਲਕ ਤੱਕ ਦਾ ਸਫਰ ਤਹਿ ਕਰ ਚੁੱਕਿਆ ਹੈ। ਵਿਕਸਿਤ ਦੇਸ਼ਾਂ ਵੱਲ ਵਿਅਕਤੀ ਦਾ ਰੁਝਾਨ ਵੱਧਣ ਪਿੱਛੇ ਆਰਥਿਕਤਾ ਸਭ ਤੋਂ ਵੱਡਾ ਕਾਰਨ ਬਣ ਗਈ ਹੈ। ਉਹ ਆਪਣੀ ਆਧਾਰਸ਼ੀਲਾ ਨੂੰ ਕਾਇਮ ਕਰਨ ਲਈ ਪਰਵਾਸ ਕਰਨ ਦੀ ਪਗਡੰਡੀ ਉੱਤੇ ਤੁਰਦਾ ਹੈ। ਵਿਦੇਸ਼ਾਂ ਵਿਚ ਆਪਣੇ ਸੁਪਨਮਈ ਸੰਸਾਰ ਦੀ ਕਾਮਨਾ ਕਰਦਾ ਸੁਪਨਿਆਂ ਦੀ ਜਿੰਦਗੀ ਜਿਉਣਾ ਲੋਚਦਾ ਹੈ। ਇਸ ਪੂੰਜੀਵਾਦੀ ਵਿਵਸਥਾ ਵਿਚ ਜਿਓਂਦਿਆਂ ਉਹ ਆਪਣੇ-ਆਪ ਨੂੰ ਵਿਦੇਸ਼ੀ ਧਰਤੀ ਉੱਤੇ ਵਧੇਰੇ ਸੁਰੱਖਿਅਤ ਮਹਿਸੂਸ ਕਰਦਾ ਹੈ। ਪਰਵਾਸੀ ਨੂੰ ਵਿਦੇਸ਼ੀ ਭੂਮੀ ਨਾਲ ਹੀ ਮੋਹ ਪੈ ਗਿਆ ਹੈ 'ਤੇ ਉਹ ਉਥੇ ਹੀ ਵਸਦਾ ਜਾ ਰਿਹਾ ਹੈ ਪਰ ਉਹ ਉਮਰ ਭਰ ਬਿਗ਼ਾਨਪਣਾ ਵਿਚ ਹੀ ਜਿਉਂਦਾ ਹੈ। ਭਾਵੇਂ ਉਹ ਆਰਥਿਕ ਪੱਖੋਂ ਸੰਪੰਨ ਹੋ ਜਾਂਦਾ ਹੈ ਪਰ ਭੂ-ਹੇਰਵਾਂ ਆਖਰੀ ਦਮ ਤੱਕ ਸਤਾਉਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. *ਸ਼ਰਨਜੀਤ ਕੌਰ, ਹਰਪ੍ਰੀਤ ਸਿੰਘ (ਸੰਪਾਂ.) (2019) , ਪਰਵਾਸੀ ਪੰਜਾਬੀ ਸਾਹਿਤ: ਵਿਭਿੰਨ ਸਰੋਕਾਰ (ਕਾਵਿ ਅਤੇ ਨਾਟਕ ਦੇ ਵਿਸ਼ੇਸ਼ ਸੰਧਰਵ 'ਚ) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 78*
2. *ਜਗਦੀਪ ਸਿੰਘ (2006), ਪਰਵਾਸੀ ਪੰਜਾਬੀ ਸਾਹਿਤ ਪੁਨਰ-*

ਸੰਵਾਦ, ਅਲਕਾ ਸਾਹਿਤ ਸਦਨ, ਅੰਮ੍ਰਿਤਸਰ, ਪੰਨਾ: 11

3. ਧਨਵੰਤ ਕੌਰ (ਡਾ.) (2018), ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਆਰਸੀ ਪਬਲਿਸ਼ਰਜ, ਦਰਿਆਗੰਜ ਨਵੀਂ ਦਿੱਲੀ, ਪੰਨਾ: 2
4. ਸੁਖਪ੍ਰੀਤ ਕੌਰ (2019), ਪਰਵਾਸੀ ਪੰਜਾਬੀ ਕਹਾਣੀ: ਪਰਵਾਸ ਸੱਭਿਆਚਾਰ ਅਤੇ ਰਾਜਨੀਤੀ ਦਾ ਅੰਤਰ-ਸੰਵਾਦ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ: 15
5. ਧਨਵੰਤ ਕੌਰ (ਡਾ.) (2018), ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਆਰਸੀ ਪਬਲਿਸ਼ਰਜ, ਦਰਿਆਗੰਜ ਨਵੀਂ ਦਿੱਲੀ, ਪੰਨਾ: 43
6. ਜਗਦੀਪ ਸਿੰਘ (2006), ਪਰਵਾਸੀ ਪੰਜਾਬੀ ਸਾਹਿਤ ਪੁਨਰ-ਸੰਵਾਦ, ਅਲਕਾ ਸਾਹਿਤ ਸਦਨ, ਅੰਮ੍ਰਿਤਸਰ, ਪੰਨਾ: 93
7. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਡਾ.), ਪ੍ਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ, ਮਦਾਨ ਪਬਲਿਕੇਸ਼ਨਜ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ, ਪੰਨਾ: 18
8. ਸੁਖਦੇਵ ਸਿੰਘ, ਭਾਰਤ 'ਚ ਵਿਦੇਸ਼ੀ 'ਵਰਸਿਟੀਆ 'ਤੇ ਉਚ ਸਿੱਖਿਆ, ਪੰਜਾਬੀ ਟ੍ਰਿਬਿਊਨ, ਬਠਿੰਡਾ, ਸੋਮਵਾਰ, 11 ਦਸੰਬਰ 2023, ਪੰਨਾ: 6

***Cite this Article-***

ਗੁਰਸਾਹਿਬ ਸਿੰਘ (Gurshaib Singh) & ਸਤਨਾਮ ਸਿੰਘ (Satnam Singh), ਸਮਕਾਲੀ ਪਰਵਾਸ: ਆਰਥਿਕਤਾ ਅਤੇ ਰੁਝਾਨ (SAMKALI PARWAS: AARTHIKTA ATE RUJHAAN), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 166-170.*

***Journal URL:*** www.armaan.org.in

***DOI:*** https://doi.org/10.64119/armaan.vol.3.issue3.26

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*